[This question paper contains 2 printed pages.]

Sr. No. of Question Paper : 2415

Your Roll No...............

L

Unique Paper Code : 2122202401

Name of the Paper : Sufi Kaav

Name of the Course : B.A (Prog) Punjabi-DSC

Semester : IV

Duration : 3 Hours

Maximum Marks : 90

**Instructions for Candidates**

**ਨੋਟ: ਸਾਰੇ ਭਾਗ ਕਰਨੇ ਜ਼ਰੂਰੀ ਹਨ।**

**ਭਾਗ ਪਹਿਲਾ**

1. ਪੰਜਾਬੀ ਸੂਫ਼ੀ-ਕਾਵਿ ਦੇ ਨਿਕਾਸ ਅਤੇ ਵਿਕਾਸ ਬਾਰੇ ਵਿਸਤਾਰ ਸਹਿਤ ਚਰਚਾ ਕਰੋ। 15

ਜਾਂ

ਸੂਫੀ ਦੀ ਪਰਿਭਾਸ਼ਾ ਦਿੰਦੇ ਹੋਏ, ਇਸਦੇ ਕਾਵਿ-ਰੂਪਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿਓ।

**ਭਾਗ ਦੂਜਾ**

2. ਸ਼ੇਖ ਫਰੀਦ ਦੀ ਬਾਣੀ ਦਾ ਵਿਸ਼ੇਗਤ ਅਧਿਐਨ ਕਰਦਿਆਂ ਇਸਦੇ ਮੂਲ ਸਰੋਕਾਰਾਂ ਬਾਰੇ ਚਰਚਾ ਕਰੋ। 15

ਜਾਂ

ਸ਼ੇਖ ਫਰੀਦ ਦੀ ਬਾਣੀ ਵਿਚ ਪੇਸ਼ ਹੋਏ 'ਨਾਸ਼ਮਾਨਤਾ ਦੇ ਸੰਕਲਪ' ਬਾਰੇ ਵਿਸਤਾਰ ਪੂਰਵਕ ਲਿਖੋ।

3. ਬਾਬਾ ਫਰੀਦ ਨੇ ਆਪਣੀ ਰਚਨਾ ਵਿਚ ਮਨੁੱਖ ਨੂੰ ਨੈਤਿਕਤਾ ਦੇ ਪਾਲਣ ਬਾਰੇ ਕੀ ਸਿੱਖਿਆ ਦਿੱਤੀ ਹੈ? ਚਰਚਾ ਕਰੋ। 10

ਜਾਂ

'ਫਰੀਦਾ ਬੁਰੇ ਦਾ ਭਲਾ ਕਰਿ, ਗੁੱਸਾ ਮਨਿ ਨ ਹਢਾਇ।।
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ।।'
ਫਰੀਦ ਦੇ ਉਪਰੋਕਤ ਸਲੋਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

**ਭਾਗ ਤੀਜਾ**

4. ਸ਼ਾਹ ਹੁਸੈਨ ਦੀਆਂ ਕਾਫੀਆਂ ਵਿਚ ਪੇਸ਼ ਹੋਈ 'ਵੈਰਾਗ ਦੀ ਭਾਵਨਾ' ਨੂੰ ਉਦਾਹਰਣ ਦੇ ਕੇ ਸਪਸ਼ਟ ਕਰੋ। 15

ਜਾਂ

ਸ਼ਾਹ ਹੁਸੈਨ ਦੀ ਵਿਚਾਰਧਾਰਾ ਨੂੰ ਆਪਣੀ ਚਰਚਾ ਦਾ ਵਿਸ਼ਾ ਬਣਾਓ।

5. ਸ਼ਾਹ ਹੁਸੈਨ ਕਲਾਮ ਦੇ ਨੈਤਿਕ ਦ੍ਰਿਸ਼ਟੀਕੋਣ ਨੂੰ ਵਿਸਤਾਰ ਸਹਿਤ ਵਿਚਾਰੋ। 10

ਜਾਂ

'ਰੱਬਾ ਮੇਰੇ ਹਾਲ ਦਾ ਮਹਿਰਮ ਤੂੰ।ਰਹਾਓ।
ਅੰਦਰ ਤੂੰ ਬਾਹਰ ਤੂੰ ਹੈ
ਰੋਮਿ ਰੋਮਿ ਵਿਚ ਤੂੰ।
ਤੂੰ ਹੈ ਤਾਣਾ ਤੂੰ ਹੈ ਬਾਣਾ
ਸਭਿ ਕਿਛ ਮੇਰਾ ਤੂੰ।'
ਸ਼ਾਹ-ਹੁਸੈਨ ਦੇ ਉਪਰੋਕਤ ਕਲਾਮ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

**ਭਾਗ ਚੌਥਾ**

6. ਬੁੱਲੇ ਸ਼ਾਹ ਦੇ ਜੀਵਨ ਤੇ ਰਚਨਾ ਬਾਰੇ ਵਿਸਤਾਰਪੂਰਵਕ ਜਾਣਕਾਰੀ ਦਿਓ। 15

ਜਾਂ

ਬੁੱਲੇ ਸ਼ਾਹ ਦੀ ਰਚਨਾ ਵਿਚ ਪੇਸ਼ ਪੰਜਾਬੀ ਸਭਿਆਚਾਰ ਨੂੰ ਉਦਾਹਰਣਾਂ ਦੇ ਕੇ ਸਪਸ਼ਟ ਕਰੋ।

7. ਸਾਈਂ ਬੁੱਲੇ ਸ਼ਾਹ ਦੀ ਰਚਨਾ ਵਿਚੋਂ ਉਭਰਦੇ 'ਇਸ਼ਕ ਦੇ ਸਕੰਲਪ' ਨੂੰ ਸਮਝਾਓ। 10

ਜਾਂ

ਬੁੱਲੇ ਸ਼ਾਹ ਦੀ ਰਚਨਾ-'ਰਾਂਝਾ ਰਾਂਝਾ ਕਰਦੀ ਮੈਂ ਆਪੇ ਰਾਂਝਾ ਹੋਈ, ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ।' ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।